# ਸਰਕਾਰੀ ਆਈ.ਟੀ.ਆਈ. 'ਚ ਦੂਜਾ ਵੈਕਸੀਨੇਸ਼ਨ ਕੈਂਪ ਲਗਾਇਆ

ਪਟਿਆਲਾ, 17 ਜੁਲਾਈ (ਦੀਪਕ ਜੈਦਕਾ) : ਸਥਾਨਕ ਸਰਕਾਰੀ ਆਈ.ਟੀ.ਆਈ., ਪਟਿਆਲਾ, ਨਾਭਾ



ਰੋਡ ਵਿਖੇ ਡਾ. ਵੀ.ਕੇ. ਬਾਂਸਲ, ਡਿਪਟੀ ਡਾਇਰੈਕਟਰ ਕਮ ਪ੍ਰਿੰਸੀਪਲ ਅਤੇ ਸ੍ਰ. ਯੁਧਜੀਤ ਸਿੰਘ, ਪ੍ਰਿੰਸੀਪਲ (ਜ.ਸ.) ਦੀ ਅਗਵਾਈ ਹੇਠ ਅਤੇ ਸ੍ਰੀਮਤੀ ਸਤਵਿੰਦਰਜੀਤ ਕੌਰ ਫਾਰਮਾਸਿਸਟ ਦੀ ਦੇਖ-ਰੇਖ ਹੇਠ ਕੋਵਿਡ-19 ਸਬੰਧੀ ਦੂਜਾ ਵੈਕਸੀਨੇਸ਼ਨ ਕੈਂਪ ਲਗਾਇਆ ਗਿਆ, ਜਿਸ ਦੇ ਮੁੱਖ ਮਹਿਮਾਨ ਨਰੇਸ਼ ਦੁੱਗਲ ਐਮ.ਸੀ. ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸ੍ਰ. ਗੁਰਚਰਨ ਸਿੰਘ ਗਿੱਲ ਮੀਡੀਆ ਇੰਚਾਰਜ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿਖਿਆਰਥੀਆਂ ਦੇ ਪਹਿਲੀ, ਦੂਜੀ ਕੋਵਿਡ-19 ਡੋਜ ਲੱਗਣ 'ਤੇ ਸੰਸਥਾ ਨੂੰ ਮੁੜ ਖੋਲ੍ਹਣ ਸਬੰਧੀ ਡਾ. ਪ੍ਰਨੀਤ ਕੌਰ ਜ਼ਿਲ੍ਹਾ ਪਟਿਆਲਾ ਕੋਵਿਡ ਵੈਕਸੀਨੇਸ਼ਨ ਪ੍ਰੋਗਰਾਮ ਅਫਸਰ ਦੀ ਟੀਮ ਵੱਲੋਂ 100 ਸਿਖਿਆਰਥੀਆਂ ਦੀ ਵੈਕਸੀਨੇਸ਼ਨ ਕੀਤੀ ਗਈ। ਇਸ ਮੌਕੇ 'ਤੇ ਸ਼ੇਰ ਜੰਗ ਜੀ.ਆਈ., ਦਵਿੰਦਰਪਾਲ ਸਿੰਘ ਜੀ.ਆਈ., ਮੇਹਰ ਸਿੰਘ ਇੰਸ., ਸ੍ਰੀਮਤੀ ਬਿੰਦੂ ਪੂਰਾ ਇੰਸ., ਮਲਕੀਤ ਸਿੰਘ ਇੰਸ., ਮਨੀਸ਼ ਕੁਮਾਰ ਇੰਸ., ਗੁਰਿੰਦਰਪਾਲ ਸਿੰਘ ਇੰਸ., ਅਨਿਲ ਖੰਨਾ ਹੋਸਟਲ ਸੁਪਰਡੈਂਟ ਅਤੇ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।